ਨਿਊਜ਼ ਰਿਲੀਜ਼

# ਸਪਾਂਸਰ ਕੀਤੇ ਗਏ ਐਲਬਰਟਾ ਕਲਚਰ ਡੇਅਜ਼ ਪ੍ਰੋਗਰਾਮਾਂ ਦਾ ਐਲਾਨ ਹੋਇਆ

5 ਅਗਸਤ 2022

## ਸਤੰਬਰ ਦਾ ਮਹੀਨਾ ਸੂਬੇ ਦੇ ਮਹੀਨਾਂ ਲੰਬੇ ਕਲਾਵਾਂ, ਵਿਰਸੇ, ਵਿਭਿੰਨਤਾ ਅਤੇ ਭਾਈਚਾਰਕ ਭਾਵਨਾਂ ਦੇ ਜ਼ਸ਼ਨਾਂ ਦੀਆਂ ਐਲਬਰਟਾ ਭਰ 'ਚ 100 ਤੋਂ ਵਧੇਰੇ ਮੁਫਤ ਐਕਟਿਵਿਟੀਆਂ ਪੇਸ਼ ਕਰੇਗਾ।

ਐਲਬਰਟਾ ਡੇਅ ਕਲਚਰ ਡੇਅਜ਼ ਦੀ ਸ਼ੁਰੂਆਤ ਕਰੇਗਾ। ਐਲਬਰਟਾ 1 ਸਤੰਬਰ 1905 ਨੂੰ ਸੂਬਾ ਬਣਿਆ ਸੀ ਅਤੇ ਸਰਕਾਰ ਨੇ ਇਸਦੀ ਵਰ੍ਹੇ ਗੰਢ ਨੂੰ ਮਾਨਤਾ ਦੇਣ ਅਤੇ ਸੂਬੇ ਦੇ ਜ਼ਸ਼ਨ ਮਨਾਉਣ ਲਈ 1 ਸਤੰਬਰ ਨੂੰ ਐਲਬਰਟਾ ਡੇਅ ਵਜੋਂ ਮਿਥਿਆ ਹੈ। ਇਸ ਸਾਲ ਦਾ ਸ਼ੁਰੂਆਤੀ ਐਲਬਰਟਾ ਡੇਅ ਸਾਡੇ ਸੂਬੇ ਦੀ ਸੱਭਿਆਚਾਰਕ, ਆਰਥਿਕ ਅਤੇ ਇਤਿਹਾਸਕ ਵਿਲੱਖਣਤਾ ਨੂੰ ਦ੍ਰਿੜ ਕਰਨ ਦੇ ਤਰੀਕਿਆਂ ਅਤੇ ਮਾਧਿਅਮਾਂ ਦੀ ਸਿਰਜਨਾਂ ਕਰੇਗਾ।

ਮਿਨਿਸਟਰੀ ਆਫ ਕਲਚਰ ਐਂਡ ਸਟੇਟਸ ਆਫ ਵੂਮੈਂਨ ਨੇ ਹੁਣੇ ਹੁਣੇ ਸੂਬੇ ਭਰ 'ਚ ਐਲਬਰਟਾ ਕਲਚਰ ਡੇਅਜ਼ ਦੇ ਪ੍ਰੋਗਰਾਮ ਆਯੋਜਿਤ ਕਰਨ ਲਈ ਸੰਸਥਾਵਾਂ ਨੂੰ 104 ਗਰਾਂਟਾਂ ਦਿੱਤੀਆਂ ਹਨ। ਆਪਣੀਆਂ ਕਮਿਊਨਿਟੀਆਂ 'ਚ ਪ੍ਰੋਗਰਾਮ ਆਯੋਜਿਤ ਕਰਨ ਵਾਲੇ ਬਿਨੈਕਾਰਾਂ ਨੂੰ ਤਕਰੀਬਨ 350,000 ਡਾਲਰ ਵੰਡਿਆ ਜਾ ਚੁੱਕਾ ਹੈ। ਫੀਚਰ ਜ਼ਸ਼ਨਾਂ ਵਾਲੇ ਪੰਜ ਸਥਾਨਾਂ ਨੂੰ ਤਿੰਨ ਦਿਨਾਂ ਦੇ ਮੁਫਤ ਪਰਿਵਾਰਕ ਪ੍ਰੋਗਰਾਮ ਆਯੋਜਿਤ ਕਰਨ ਲਈ ਫੰਡਿੰਗ ਪ੍ਰਾਪਤ ਹੋਈ ਹੈ। ਕੁੱਲ 71 ਹੋਸਟ ਜ਼ਸ਼ਨ ਸਥਾਨਾਂ ਨੂੰ ਘੱਟੋ ਘੱਟ ਦੋ-ਦਿਨਾਂ ਐਕਟਿਵਿਟੀਆਂ ਆਯੋਜਿਤ ਕਰਨ ਲਈ ਫੰਡਿੰਗ ਪ੍ਰਾਪਤ ਹੋਈ ਹੈ ਅਤੇ 28 ਪੌਪ-ਅੱਪ ਜ਼ਸ਼ਨ ਸਥਾਨਾਂ ਨੂੰ ਇਕ-ਦਿਨਾਂ ਪ੍ਰੋਗਰਾਮਾਂ ਲਈ ਫੰਡਿੰਗ ਪ੍ਰਾਪਤ ਹੋਈ ਹੈ।

ਇਸ ਸਾਲ ਦੇ ਫੀਚਰ ਜ਼ਸ਼ਨਾਂ ਵਾਲੇ ਸਥਾਨ ਹਨ:

- ਕੈਲਗਰੀ ਚਾਈਨੀਜ਼ ਕਲਚਰਲ ਸੈਂਟਰ ਐਸੋਸੀਏਸ਼ਨ
- ਈਨੌਕ ਕਰੀ ਨੇਸ਼ਨ
- ਆਰਟ ਔਨ ਦਿ ਐਵੇਨਿਊ ਐਡਮੰਟਨ ਸੋਸਾਇਟੀ
- ਸੈਂਟਰ ਫਾਰ ਕ੍ਰੀਏਟਵ ਆਰਟਸ ਸੋਸਾਇਟੀ ਆਫ ਗਰੈਂਡ ਪਰੇਰੀ
- ਹਾਈ ਰਿਵਰ ਪ੍ਰਫਾਰਮਿੰਗ ਆਰਟਸ ਫਾਊਂਡੇਸ਼ਨ

"ਸੱਭਿਆਚਾਰ ਜੋੜਨ ਵਾਲੀ ਇਕ ਵੱਡੀ ਚੀਜ਼ ਹੈ। ਇਹ ਸਾਨੂੰ ਇਕ ਦੂਜੇ ਬਾਰੇ ਸਿੱਖਣ ਅਤੇ ਸਮਝਣ 'ਚ ਮਦਦ ਕਰਦਾ ਹੈ। ਇਹ ਸਾਨੂੰ ਆਪਣੇ ਆਪ ਨੂੰ ਜਾਣਨ ਅਤੇ ਪ੍ਰਗਟ ਕਰਨ 'ਚ ਵੀ ਮਦਦ ਕਰਦਾ ਹੈ। ਭਾਵੇਂ ਇਕ ਕਲਾ ਸ਼ੋਅ 'ਚ ਜਾਉ, ਕਿਸੇ ਛੋਟੇ ਟਾਊਨ ਦਾ ਅਜਾਇਬਘਰ ਵੇਖਣ ਜਾਉ, ਕਰਾਫਟ ਸਿਰਜਨ ਨੂੰ ਵਿਵਹਾਰਕ ਰੂਪ 'ਚ ਵੇਖਣ ਜਾਉ ਜਾਂ ਹੋਰ ਪ੍ਰੋਗਰਾਮਾਂ 'ਚ ਸ਼ਾਮਲ ਹੋਵੋ, ਇਸ ਸਾਲ ਦੇ ਐਲਬਰਟਾ ਕਲਚਰ ਡੇਅਜ਼ ਸੱਚਮੁੱਚ ਹਰ ਇਕ ਵਾਸਤੇ ਕੁਝ ਨਾ ਕੁਝ ਪੇਸ਼ ਕਰਦੇ ਹੋਣਗੇ। ਮੈਂ ਸਾਰੇ ਐਲਬਰਟਾ ਨਿਵਾਸੀਆਂ ਨੂੰ ਕਚਲਰ ਡੇਅਜ਼ ਦੇ ਪ੍ਰੋਗਰਾਮਾਂ ਨੂੰ ਇਸ ਸਤੰਬਰ ਮਹੀਨੇ ਆਪਣੇ ਜ਼ਰੂਰ ਕਰਨ ਵਾਲੇ ਕੰਮਾਂ ਦੀ ਸੂਚੀ 'ਚ ਸ਼ਾਮਲ ਕਰਨ ਲਈ ਉਤਸ਼ਾਹਤ ਕਰਦਾ ਹਾਂ। ਇਹ ਸੱਚ ਮੁੱਚ ਇਕ ਯਾਦ ਰੱਖਣਯੋਗ ਮਹੀਨਾ ਹੋਵੇਗਾ।"

*Ron Orr, ਮਿਨਿਸਟਰ ਆਫ ਕਲਚਰ*

ਸਪਾਂਸਰ ਕੀਤੇ ਗਏ ਅਤੇ ਅਣ-ਸਪਾਂਸਰ ਪ੍ਰੋਗਰਾਮਾਂ ਦੀ ਪੂਰੀ ਸੂਚੀ albertaculturedays.ca 'ਤੇ ਉਪਲਬਧ ਹੈ।

## ਫੌਰੀ ਤੱਥ

- 2021 ‘ਚ  ਲੱਗਪਗ 225,000 ਐਲਬਰਟਾ ਨਿਵਾਸੀਆਂ ਨੇ ਵਰਚੂਅਲ ਜਾਂ ਖੁਦ ਹਾਜ਼ਰ ਹੋ ਕੇ ਐਲਬਰਟਾ ਕਲਚਰ ਡੇਅਜ਼ ਦੇ ਜ਼ਸ਼ਨਾਂ ‘ਚ ਭਾਗ ਲਿਆ, ਜਦੋਂ 49 ਕਮਿਊਨਿਟੀਆਂ ਨੇ 924 ਪ੍ਰੋਗਰਾਮ ਆਯੋਜਿਤ ਕੀਤੇ।
- ਐਲਬਰਟਾ ਕਲਚਰ ਡੇਅਜ਼ 2008 ‘ਚ ਐਲਬਰਟਾ ਦੀਆਂ ਕਲਾ ਅਤੇ ਸੱਭਿਆਚਾਰਕ ਕਮਿਊਨਿਟੀਆਂ ਦੇ ਇਕ ਜ਼ਸ਼ਨ ਵਜੋਂ ਐਲਬਰਟਾ ਆਰਟਸ ਡੇਅਜ਼ ਵਜੋਂ ਸ਼ੁਰੂ ਹੋਇਆ।
- 2009 ‘ਚ, ਇਹ ਇਕ-ਦਿਨਾਂ ਪ੍ਰੋਗਰਾਮ ਤੋਂ ਤਿੰਨ-ਦਿਨਾਂ ਜ਼ਸ਼ਨ ‘ਚ ਤਬਦੀਲ ਹੋ ਗਿਆ, ਜਿਸ ਨਾਲ 2010 ‘ਚ ਨੈਸ਼ਨਲ ਕਲਚਰ ਡੇਅਜ਼ ਦੀ ਸਥਾਪਨਾਂ ਦੀ ਪ੍ਰੇਰਨਾਂ ‘ਚ ਮਦਦ ਮਿਲੀ।
- 2012 ‘ਚ, ਐਲਬਰਟਾ ਆਰਟਸ ਡੇਅਜ਼ ਨੂੰ ਐਲਬਰਟਾ ਕਲਚਰ ਡੇਅਜ਼ ਦਾ ਨਾਂ ਦਿੱਤਾ ਗਿਆ ਸੀ।
-

## ਸਬੰਧਤ ਜਾਣਕਾਰੀ

- ਐਲਬਰਟਾ ਕਲਚਰ ਡੇਅਜ਼
- ਐਲਬਰਟਾ ਕਲਚਰ ਡੇਅਜ਼ ਈਵੈਂਟਸ

## ਮੀਡੀਆ ਇਨੁਕਆਰੀਆਂ

**Savannah Johannsen**

780-686-3521
ਪ੍ਰੈੱਸ ਸੈਕਰੇਟਰੀ, ਕਲਚਰ ਐਂਡ ਸਟੇਟਸ ਆਫ ਵੂਮੈੱਨ

ALBERTA'S RECOVERY PLAN

Alberta's Recovery Plan is a plan to breathe new life into Alberta's economy and create new opportunities for every Albertan. It's a plan to build, to diversify, and to create jobs.